# ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਬਟਾਲਾ

ਮਿਤੀ : **01.08.2020**

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪਿੱਠ ਅੰਕਣ ਨੰ 6907-7034/ਰਜਿ, ਮਿਤੀ-21.07.2020 ਅਨੁਸਾਰ ਵਿਦਿਆਰਥੀਆ ਦਾ ਦਾਖਲਾ ਸਡਿਉਲ।

| | |
|---|---|
| ਦਾਖਲੇ ਦੀ ਨਾਰਮਲ ਤਾਰੀਖ | ਮਿਤੀ-25.08.2020 ਤੱਕ |
| 100/- ਰੁਪਏ ਲੇਟ ਫੀਸ<br>(ਪ੍ਰਿੰਸੀਪਲ ਜੀ ਦੀ ਪ੍ਰਵਾਨਗੀ ਨਾਲ) | ਮਿਤੀ-26.08.2020 ਤੋ 01.09.2020 ਤੱਕ |
| 200/- ਰੁਪਏ ਲੇਟ ਫੀਸ<br>(ਡੀਨ,ਅਕਾਦਮਿਕ ਜੀ ਦੀ ਪ੍ਰਵਾਨਗੀ ਨਾਲ) | ਮਿਤੀ-02.09.2020 ਤੋ 14.09.2020 ਤੱਕ |
| 1000/- ਰੁਪਏ ਲੇਟ ਫੀਸ<br>(ਉੱਪ-ਕੁਲਪਤੀ ਜੀ ਦੀ ਪ੍ਰਵਾਨਗੀ ਨਾਲ) | ਮਿਤੀ-15.09.2020 ਤੋ 21.09.2020 ਤੱਕ |
| 5000/- ਰੁਪਏ ਲੇਟ ਫੀਸ<br>(ਉੱਪ-ਕੁਲਪਤੀ ਜੀ ਦੀ ਪ੍ਰਵਾਨਗੀ ਨਾਲ) | ਮਿਤੀ-22.09.2020 ਤੋ 30.09.2020 ਤੱਕ |

ਆਫਿਸ ਸੁਪਰਡੈਂਟ

ਪ੍ਰਿੰਸੀਪਲ



ਬੇਰਿੰਗ ਕਾਲਜ 'ਚ ਚੱਲ ਰਹੇ ਦਾਖ਼ਲਿਆਂ ਸਬੰਧੀ ਜਾਣਕਾਰੀ ਦਿੰਦੇ ਪ੍ਰਿੰ. ਡਾ. ਐਡਵਰਡ ਮਸੀਹ।

# ਬੇਰਿੰਗ ਕਾਲਜ ਵਿਖੇ ਦਾਖ਼ਲੇ ਦੀ ਪ੍ਰਕਿਰਿਆ ਸ਼ੁਰੂ

ਬਟਾਲਾ, 27 ਜੁਲਾਈ (ਕਾਹਲੋਂ)-ਸਥਾਨਕ ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਬਟਾਲਾ ਵਿਖੇ ਪ੍ਰਿੰ: ਪ੍ਰੋ: ਡਾ. ਐਡਵਰਡ ਮਸੀਹ ਨੇ ਦੱਸਿਆ ਕਿ ਸੈਸ਼ਨ 2020 ਲਈ ਵਿਦਿਆਰਥੀਆਂ ਦੇ ਕਾਲਜ ਵਿਖੇ ਦਾਖਲੇ ਸਬੰਧੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਬਾਰ੍ਹਵੀਂ ਜਮਾਤ ਦੇ ਨਤੀਜੇ ਐਲਾਨੇ ਜਾਣ ਤੋਂ ਬਾਅਦ ਵਿਦਿਆਰਥੀ ਮਾਝੇ ਇਲਾਕੇ ਦੇ ਇਸ ਨਾਮਵਰ ਕਾਲਜ ਵਿਚ ਦਾਖਲਾ ਲੈਣ ਨੂੰ ਤਰਜ਼ੀਹ ਦੇ ਰਹੇ ਹਨ। ਕੋਰੋਨਾ ਮਹਾਂਮਾਰੀ ਦੇ ਦੌਰਾਨ ਕਾਲਜ ਵਿਚ ਸਮਾਜਿਕ ਦੂਰੀ ਦਾ ਖਿਆਲ ਰੱਖਦੇ ਹੋਏ ਸੁਚੱਜੇ ਢੰਗ ਨਾਲ ਦਾਖਲੇ ਦੀ ਪ੍ਰਕਿਰਿਆ ਚਲਾਈ ਜਾ ਰਹੀ ਹੈ, ਜਿਸ ਵਿਚ ਕਾਲਜ ਐਂਟਰੀ ਤੇ ਸੈਨੇਟਾਈਜਟਨਲ ਲਗਾਈ ਗਈ ਹੈ ਤਾਂ ਜੋ ਬਾਹਰੋਂ ਆਉਣ ਵਾਲੇ ਸਾਰੇ ਵਿਅਕਤੀ ਸੈਨੇਟਾਈਜ਼ ਹੋ ਕੇ ਕਾਲਜ ਅੰਦਰ ਦਾਖਲ ਹੋਣ। ਇਸ ਤੋਂ ਉਪਰੰਤ ਕਾਲਜ ਦੇ ਹਰ ਇਕ ਦਫ਼ਤਰ ਦੇ ਬਾਹਰ ਸੈਨੇਟਾਈਜ਼ਰ ਸਟੈਂਡ ਰੱਖੇ ਗਏ ਹਨ ਤੇ ਕਾਲਜ ਸਟਾਫ਼ ਤੇ ਬਾਹਰੋਂ ਆਉਣ ਵਾਲਿਆਂ ਲਈ ਵੀ ਮਾਸਕ ਪਾਉਣਾ ਜ਼ਰੂਰੀ ਹੈ। ਕਾਲਜ ਵਿਚ ਦਾਖਲੇ ਦੀ ਪ੍ਰਕਿਰਿਆ ਦੇ ਦੌਰਾਨ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦਾ ਪੂਰਨ ਤੌਰ 'ਤੇ ਧਿਆਨ ਰੱਖਿਆ ਜਾ ਰਿਹਾ ਹੈ। ਕਾਲਜ ਰੋਜ਼ਾਨਾ ਸ਼ਾਮ ਨੂੰ ਪੂਰਨ ਤੌਰ 'ਤੇ ਸੈਨੇਟਾਈਜ਼ ਕੀਤਾ ਜਾਂਦਾ ਹੈ। ਜਿਹੜੇ ਵਿਦਿਆਰਥੀ ਦਾਖਲਾ ਲੈਣ ਆਉਣ ਵੇਲੇ ਰੁਮਾਲ ਬੰਨ ਕੇ ਜਾਂ ਕੱਪੜੇ ਨਾਲ ਮੂੰਹ ਢੱਕ ਕੇਆਉਂਦੇ ਹਨ, ਉਨ੍ਹਾਂ ਨੂੰ ਕਾਲਜ ਵਲੋਂ ਮੁਫ਼ਤ ਮਾਸਕ ਦਿੱਤੇ ਜਾਂਦੇ ਹਨ।

ਅਜੀਤ ®© 28-Jul-2020
Page: 13
http://epaper.ajitjalandhar.com/edition/20200728/5/13.cms